
# ਸਕੂਲ ਸਿੱਖਿਆ ਵਿਭਾਗ, ਪੰਜਾਬ


ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ
ਇਸ ਕੋਡ ਨੂੰ ਸਕੈਨ ਕਰੋ।

Team-Jal.

## ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

# Home Assignment
# Class : 9th
# Social Studies







## Part-2 (History)

## ਇਤਿਹਾਸ

ਪਾਠ:1
(From Text-book
Page No. 04 to 06)

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ:

ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਹਿਮਾਲਿਆ ਅਤੇ ਉੱਤਰ ਪੱਛਮੀ ਪਰਬਤ ਲੜੀਆਂ
2. ਉਪ-ਪਰਬਤੀ ਖੇਤਰ
3. ਮੈਦਾਨੀ ਖੇਤਰ


ਤਿੱਬਤ ਕੋਲੋਂ ਵਿਖਦਾ ਮਾਊਂਟ ਐਵਰੈਸਟ, ਹਿਮਾਲਿਆ ਦਾ ਸਭ ਤੋਂ ਉੱਚਾ ਪਹਾੜ

**1. ਹਿਮਾਲਿਆ :** ਇਸ ਨੂੰ 'ਬਰਫ਼ ਦਾ ਘਰ' ਵੀ ਕਿਹਾ ਜਾਂਦਾ ਹੈ। ਇਹ ਭਾਰਤ ਦੇ ਉੱਤਰ ਵਿੱਚ ਸਥਿਤ ਹੈ। ਇਸ ਦੀ ਲੰਬਾਈ 2400 ਕਿਲੋਮੀਟਰ ਹੈ। ਅਤੇ ਚੌੜਾਈ 250 ਕਿਲੋਮੀਟਰ ਹੈ। ਇਸ ਦੀਆਂ ਤਿੰਨ ਪਰਬਤ ਸ਼੍ਰੇਣੀਆਂ ਵਿਸ਼ਾਲ ਹਿਮਾਲਾ, ਮੱਧ ਹਿਮਾਲਾ ਅਤੇ ਬਾਹਰੀ ਹਿਮਾਲਾ ਹਨ।

ਉੱਤਰ ਪੱਛਮੀ ਪਰਬਤ ਲੜੀਆਂ:

ਇਹ ਪਰਬਤ ਸ਼ਾਖਾਵਾਂ ਜ਼ਿਆਦਾ ਉੱਚੀਆਂ ਨਹੀਂ ਹਨ। ਇਹਨਾਂ ਵਿੱਚ ਖੈਬਰ, ਕੁਰਮ, ਟੋਚੀ, ਕੋਮਲ ਅਤੇ ਬੋਲਾਨ ਦੱਰੇ ਹਨ। ਖੈਬਰ (500 ਫ਼ੁੱਟ) ਸਭ ਤੋਂ ਮਹੱਤਵਪੂਰਨ ਹੈ ਜੋ ਕਾਬੁਲ ਅਤੇ ਪੇਸ਼ਾਵਰ ਨੂੰ ਮਿਲਾਉਂਦਾ ਹੈ। ਵਿਦੇਸ਼ੀ ਹਮਲਾਵਰ ਇਸੇ ਦੱਰੇ ਰਾਹੀ ਪੰਜਾਬ ਹੁੰਦੇ ਹੋਏ ਭਾਰਤ ਵਿੱਚ ਦਾਖਲ ਹੁੰਦੇ ਸਨ। ਇਨ੍ਹਾਂ ਦੱਰਿਆਂ ਰਾਹੀਂ ਭਾਰਤ ਦਾ ਮੱਧ-ਏਸ਼ੀਆ ਨਾਲ ਵਪਾਰ ਹੁੰਦਾ ਸੀ। ਬੋਲਾਨ ਸਭ ਤੋਂ ਚੌੜਾ ਦੱਰਾ ਹੈ।

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ

## 2. ਉਪ-ਪਰਬਤੀ ਦੇ ਖੇਤਰ:

ਇਸ ਨੂੰ ਤਰਾਈ ਦਾ ਪ੍ਰਦੇਸ਼ ਵੀ ਕਹਿੰਦੇ ਹਨ। ਪਹਾੜੀਆਂ ਦੀ ਔਸਤ ਉਚਾਈ 1000-3000 ਫ਼ੁੱਟ ਹੈ। ਇਸ ਵਿੱਚ ਸਿਆਲਕੋਟ , ਗੁਰਦਾਸਪੁਰ, ਹੁਸ਼ਿਆਰਪੁਰ, ਕਾਂਗੜਾ , ਊਨਾ ਅਤੇ ਅੰਬਾਲਾ ਸ਼ਾਮਲ ਹਨ।ਇੱਥੇ ਵਰਖਾ ਤਾਂ ਬਹੁਤ ਹੁੰਦੀ ਹੈ, ਪਰ ਮਿੱਟੀ ਰੇਤਲੀ ਤੇ ਪਥਰੀਲੀ ਹੈ, ਮਿੱਟੀ ਉਪਜਾਊ ਨਹੀਂ ਹੈ।ਮੁੱਖ ਫ਼ਸਲਾਂ ਚਾਵਲ, ਮੱਕੀ, ਆਲੂ ਅਤੇ ਕਣਕ ਹਨ।



## 3. ਮੈਦਾਨੀ ਭਾਗ:

ਇਹ ਸਿੰਧ ਨਦੀ ਤੋਂ ਜਮੁਨਾ ਨਦੀ ਤੱਕ ਮੈਦਾਨੀ ਖੇਤਰ ਹੈ ਜੋ ਜਲੋਢ ਮਿੱਟੀ ਤੋਂ ਬਣਿਆ ਹੈ। ਇਸ ਨੂੰ ਮੁੱਖ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ:

1. ਪੰਜ ਦੁਆਬ
2. ਮਾਲਵਾ ਤੇ ਬਾਂਗਰ
3. ਦੱਖਣ-ਪੱਛਮ ਦੇ ਮਾਰੂਥਲ


ਮਾਰੂਥਲ ਦਾ ਦ੍ਰਿਸ਼


ਮੈਦਾਨੀ ਭਾਗ

## ਬਹੁ ਵਿਕਲਪੀ ਪ੍ਰਸ਼ਨ:

✓ ਬਰਫ਼ ਦਾ ਘਰ ਕਿਹਾ ਜਾਂਦਾ ਹੈ:

(ੳ) ਹਿਮਾਲਿਆ
(ਅ) ਮੈਦਾਨੀ ਭਾਗ
(ਸ) ਪਠਾਰ
(ਸ) ਤਰਾਈ

✓ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

(ੳ) 3
(ਅ) 2
(ਸ) 4
(ਸ) 5

✓ ਹਿਮਾਲਿਆ ਦੀ ਲੰਬਾਈ ਹੈ:

(ੳ) 250 ਕਿਲੋਮੀਟਰ
(ਅ) 3000 ਕਿਲੋਮੀਟਰ
(ਸ) 2000 ਕਿਲੋਮੀਟਰ
(ਸ) 2400 ਕਿਲੋਮੀਟਰ

✓ ਸਭ ਤੋਂ ਚੌੜੇ ਦੱਰੇ ਦਾ ਨਾਂ ਹੈ:

(ੳ) ਟੋਚੀ
(ਅ) ਖੈਬਰ
(ਸ) ਕੁਰਮ
(ਸ) ਬੋਲਾਨ

✓ ਉਪ ਪਰਬਤੀ ਖੇਤਰ ਵਿੱਚ ਮੁੱਖ ਫ਼ਸਲਾਂ ਹਨ:

(ੳ) ਚਾਵਲ
(ਅ) ਕਣਕ
(ਸ) ਮੱਕੀ
(ਸ) ਉਪਰੋਕਤ ਸਾਰੀਆਂ

ਪੜ੍ਹੋ ਪੰਜਾਬ
ਸਕੂਲ ਸਿੱਖਿਆ ਵਿਭਾਗ ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ
ਪੜ੍ਹਾਓ ਪੰਜਾਬ

## ਖਾਲੀ ਸਥਾਨ ਭਰੋ:

- ✓ ਪੰਜਾਬ ਸਿੰਧ ਨਦੀ ਤੋਂ ____________ ਦੇ ਵਿਚਕਾਰਲਾ ਇਲਾਕਾ ਹੈ।
- ✓ ਹਿਮਾਲਾ ਦੀਆਂ ਤਿੰਨ ਪਰਬਤ ਸ਼੍ਰੇਣੀਆਂ; ਵਿਸ਼ਾਲ ਹਿਮਾਲਾ, ___________ ਅਤੇ ਬਾਹਰੀ ਹਿਮਾਲਾ ਹਨ।
- ✓ ਸੰਸਾਰ ਦੀ ਸਭ ਤੋਂ ਉੱਚੀ ਚੋਟੀ ਦਾ ਨਾਂ ________________ ਹੈ।
- ✓ ਸਭ ਤੋਂ ਮਹੱਤਵਪੂਰਨ ਦੱਰੇ ਦਾ ਨਾਂ ___________________ ਹੈ।
- ✓ ਉਪ-ਪਰਬਤੀ ਖੇਤਰ ਵਿੱਚ ਮਿੱਟੀ ਰੇਤਲੀ ਅਤੇ ___________________ ਹੈ।

## ਸਹੀ ਮਿਲਾਨ ਕਰੋ:

| | |
|---|---|
| ਮਾਊਂਟ ਐਵਰੈਸਟ | 1000 – 3000 ਫ਼ੁੱਟ |
| ਹਿਮਾਲਾ ਦੀ ਚੌੜਾਈ | 8848 ਮੀਟਰ |
| ਉਪ-ਪਰਬਤੀ ਪਹਾੜੀਆਂ ਦੀ ਉਚਾਈ | 3500 ਫ਼ੁੱਟ |
| ਖੈਬਰ ਦੱਰੇ ਦੀ ਉੱਚਾਈ | ਉਪ-ਪਰਬਤੀ ਖੇਤਰ |
| ਮਿੱਟੀ ਜ਼ਿਆਦਾ ਉਪਜਾਊ ਨਹੀਂ | 250 ਕਿਲੋਮੀਟਰ |

ਸਕੂਲ ਸਿੱਖਿਆ ਵਿਭਾਗ, ਪੰਜਾਬ

## ਮਾਈਂਡ ਮੈਪ:

ਹੇਠਾਂ ਦਿੱਤੇ ਗਏ ਮਾਈਂਡ ਮੈਪ ਦੀ ਮਦਦ ਨਾਲ ਉਪ-ਪਰਬਤੀ ਖੇਤਰ ਦੇ ਜ਼ਿਲ੍ਹਿਆਂ ਦੇ ਨਾਂ ਪੂਰੇ ਕਰੋ।

| | | | | | |
|---|---|---|---|---|---|
| ਸਿਆਲਕੋਟ | ________ | ਹੁਸ਼ਿਆਰਪੁਰ | ________ | ਊਨਾ | ________ |

ਦੱਰਿਆਂ ਦੇ ਨਾਂ ਪੂਰੇ ਕਰੋ।

| | | | | |
|---|---|---|---|---|
| ਖੈਬਰ | ________ | ਟੋਚੀ | ________ | ਬੋਲਾਨ |

ਸਕੂਲ ਸਿੱਖਿਆ ਵਿਭਾਗ, ਪੰਜਾਬ
ਪੜ੍ਹੋ ਪੰਜਾਬ

# ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ
ਇਸ ਕੋਡ ਨੂੰ ਸਕੈਨ ਕਰੋ।

Team-Jal.

## ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

# THANKS


**Part-2 (History)**

**ਇਤਿਹਾਸ**

**ਪਾਠ:1**

**(From Text-book Page No. 04 to 06)**







ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)